# ਹਿੰਦੂ ਪਾਣੀ–ਮੁਸਲਮਾਣ ਪਾਣੀ

ਓਦੋਂ ਮੈਂ ਡਾਇਰੀ ਨਹੀਂ ਸੀ ਲਿਖਦਾ, ਠੀਕ ਮਹੀਨਾ ਯਾਦ ਨਹੀਂ, ਸਨ ੧੯੩੧, ਮੀਂਹ ਕਣੀ ਦੇ ਦਿਨ ਸਨ। ਜਥੇਦਾਰ ਮੋਹਨ ਸਿੰਘ ਨੇ ਕਿਹਾ, ਨੇੜੇ ਆਏ ਹੋਏ ਹਾਂ, ਚਲੋ ਅਧਵਾਲਾਂ ਤੋਂ ਹੋ ਆਈਏ। ਭਗਤ ਸਿੰਘ ਦੀਆਂ ਦੋਹਾਂ ਧੀਆਂ ਦੇ ਵਿਆਹ ਤੇ ਅਸੀਂ ਅਮ੍ਰਿਤਸਰੋਂ ਦਰਕਾਲੀ ਆਏ ਸਾਂ ਤੇ ਇਥੋਂ ਅਧਵਾਲ ਮਸਾਂ ਤਿੰਨ ਚਾਰ ਕੋਹ ਸੀ। ਮੌਲਵੀ ਹਰਨਾਮ ਸਿੰਘ ਦੀ ਵੀ ਮਰਜ਼ੀ ਸੀ, ਪਰ ਉਸ ਨੂੰ ਵਡਾਲੇ ਦੇ ਰੋੜ੍ਹਵੇਂ ਪਾਣੀ ਤੋਂ ਡਰ ਲਗਦਾ ਸੀ। ਭਗਤ ਸਿੰਘ ਨੇ ਗੁਆਂਢੀਆਂ ਤੋਂ ਘੋੜੀ ਮੰਗ ਦਿਤੀ, ਘੋੜੀ ਮੋੜਨ ਲਈ ਨਾਈ ਨਾਲ ਟੋਰਿਆ। ਅਸੀਂ ਤਿੰਨੇ ਜਣੇ ਟੁਰ ਤੇ ਪਏ, ਪਰ ਮੌਲਵੀ ਹਰਨਾਮ ਸਿੰਘ ਘੜੀ ਘੜੀ ਪਿਛੇ ਵੇਖਦਾ ਸੀ। ਭਗਤ ਸਿੰਘ ਦੀ ਮਾਤਾ ਨੇ ਵੀ ਤੁਰਨ ਲਗਿਆਂ ਚੰਗੀ ਤਕੜੀ ਭਾਨੀ ਮਾਰੀ। ਬਦਲ ਗਜਦਾ ਸੀ ਤੇ ਵਡਾਲੇ ਵਿਚ ਵਧੀਕ ਪਾਣੀ ਆ ਜਾਣ ਦਾ ਡਰ

ਸੀ। ਨਾਈ ਵੀ ਆਖਦਾ ਸੀ, "ਸ਼ਾਹ ਜੀ ਫਜਰੀ ਵੇਲੇ ਜੁਲਿਉ, ਹੁਣ ਕੁਵੇਲਾ ਹੋਈ ਗਿਐ, ਨਾਲੇ ਬਦਲੇ ਨਾ ਰੰਗ ਏ।"

ਜਥੇਦਾਰ ਮੋਹਨ ਸਿੰਘ ਨੇ ਨਾਈ ਨੂੰ ਕਿਹਾ, "ਤੂੰ ਘੁਸਾਈ ਮਾਰਨੈ।" ਨਾਈ ਤਿੜ ਪਿਆ,

"ਤੁਸਾਂ ਕਹਿ ਬਾਹਿਐ ਸ਼ਾਹ ਜੀ, ਭਗਤੇ ਸ਼ਾਹੇ ਦੇ ਮਿਜਮਾਨਾਂ (ਮਹਿਮਾਨਾਂ) ਪਿਛੇ ਤਾਂ ਭਾਵੇਂ ਮ੍ਹਾੜੀ ਜਿੰਦ ਲਗੀ ਜਾਇ। ਤੁਸੀਂ ਕਹਿ ਸਮਝਣੇ ਓਂ ਬਾਦਸ਼ਾਹੋ, ਸਾੜ੍ਹਾ ਤੇ ਜੰਮਣ ਮਰਣ ਸਾਂਝੈ। ਕਸਮ ਅਲਾ ਨੀ ਜੇ ਭਗਤਾ ਸ਼ਾਹ ਆਖੇ ਤਾਂ ਹਿਸੇ ਵੇਲੇ ਜੁਤੀ ਲਾਹੀ ਕੇ, ਲਕ ਬਨ੍ਹੀ ਕੇ ਪਿੰਡੀ ਜਾਣ ਲਈ ਦੋੜੀ ਪਵਾਂ, ਅਧਵਾਲ ਤੇ ਹੇ ਖੜੋਤੀ ਪਈ ਏ।"

ਦੋ ਦਲੀਲੇ ਮੋਲਵੀ ਹਰਨਾਮ ਸਿੰਘ ਨੂੰ, ਜਥੇਦਾਰ ਮੋਹਨ ਸਿੰਘ ਨੇ ਫੜ ਕੇ ਘੋੜੀ ਦੀ ਪਿਠ ਤੇ ਬਿਠਾ ਦਿਤਾ, ਮੇਰਾ ਨਿਕਾ ਜਿਹਾ ਕੈਨਵਸ ਦਾ ਬੈਗ ਨਾਈ ਨੇ ਫੜ ਲਿਆ। ਭਗਤ ਸਿੰਘ ਨੂੰ ਫਤਿਹ ਬੁਲਾਈ ਤੇ ਅਸੀਂ ਥੋੜੇ ਚਿਰ ਵਿਚ ਹੀ ਵਡਾਲੇ ਦੇ ਕੰਢੇ ਤੇ ਆਣ ਰੁਕੇ। ਮੋਹਨ ਸਿੰਘ ਨੂੰ ਵਡਾਲੇ ਦੇ ਪਾਣੀ ਦੀ ਪਛਾਣ ਨਹੀਂ ਸੀ; ਉਸ ਨੂੰ ਨਹੀਂ ਸੀ ਪਤਾ ਕਿ ਇਸਦਾ ਪਾਣੀ ਭਾਵੇਂ ਡੂੰਘਾ ਨਹੀਂ ਹੁੰਦਾ, ਪਰ ਬੜਾ ਰੋਹੜੂ ਹੁੰਦਾ ਹੈ। ਸਾਡੇ ਹੋੜਦਿਆਂ ਹੋੜਦਿਆਂ ਹੀ ਜਥੇਦਾਰ ਵਡਾਲੇ ਨੂੰ ਪਾਰ ਕਰਨ ਲਈ ਪਾਣੀ ਦੇ ਅਧ ਵਿਚਕਾਰ ਜਾ ਪੁਜਾ। ਉਤੋਂ ਬਾਰਸ਼ ਦਾ ਨਵਾਂ ਪਾਣੀ ਹੋਰ ਆ ਰਿਹਾ ਸੀ। ਜਥੇਦਾਰ ਨੇ ਬੜਾ ਘੋਲ ਕੀਤਾ, ਪਰ ਇਥੇ ਉਸ ਦਾ ਧੱਕਾ ਨਾ ਚਲ ਸਕਿਆ। ਰੋਹੜੂ ਪਾਣੀ ਨੇ ਉਸ ਦੇ ਪੈਰ ਕੂਲਿਆਂ ਪਥਰਾਂ ਤੋਂ ਤਿਲਕਾ ਦਿਤੇ।

ਮੋਲਵੀ ਹਰਨਾਮ ਸਿੰਘ ਘੋੜੀ ਦੀ ਪਿਠ ਤੇ ਬੈਠਾ ਹੀ ਹਾਲ ਦੁਹਾਈ ਮਚਾ ਰਿਹਾ ਸੀ, ਮੈਂ ਹੈਰਾਨੀ ਨਾਲ ਵੇਖ ਰਿਹਾ

ਸਾਂ। ਸਾਥੋਂ ਬਿਨਾਂ ਵਡਾਲੇ ਦੇ ਕੰਢੇ ਤੇ ਦੋ ਜਵਾਨ ਹੋਰ ਖੜੇ ਸਨ, ਜੇਹੜੇ ਪਹਿਲਾਂ ਤਾਂ ਖਿੜ ਖਿੜਾ ਕੇ ਹਸਦੇ ਰਹੇ, ਪਰ ਫ਼ਿਰ ਉਹ ਤੁਰਤ ਸੰਜੀਦਾ ਹੋ ਗਏ, ਤੇ ਝਟ ਪਾਣੀ ਵਿਚ ਠਿਲ ਪਏ। ਮਲਕੜੇ ਹੀ ਸ਼ਰਨਾਹੀਆਂ ਤੇ ਤਰ ਕੇ ਉਨ੍ਹਾਂ ਜਥੇਦਾਰ ਨੂੰ ਜਾ ਫੜਿਆ। ਜਥੇਦਾਰ ਘਬਰਾਇਆ ਨਹੀਂ ਸੀ, ਉਸ ਨੇ ਇਕ ਵਡੇ ਪਥਰ ਨਾਲ ਆਪਣਾ ਪੈਰ ਅੜਾ ਲਿਆ ਸੀ, ਪਰ ਪਾਣੀ ਪਲ ਪਲ ਵਿਚ ਵਧ ਰਿਹਾ ਸੀ। ਸ਼ਰਨਾਹੀਆਂ ਵਾਲੇ ਤਿੰਨਾਂ ਜਵਾਨਾਂ ਨੇ ਪਹਿਲਾਂ ਜਥੇਦਾਰ ਨੂੰ ਪਾਰਲੇ ਕਿਨਾਰੇ ਪਹੁੰਚਾਇਆ ਤੇ ਫਿਰ ਸਾਨੂੰ ਵੀ ਆਣ ਕੇ ਦੂਜੇ ਕਿਨਾਰੇ ਤੇ ਲੈ ਗਏ। ਘੋੜੀ ਤੇ ਨਾਈ ਅਸਾਂ ਉਰਲੇ ਬਨਿਓਂ ਹੀ ਵਾਪਸ ਮੋੜ ਦਿਤੇ। ਜਥੇਦਾਰ ਨੇ ਮਾਸ਼ਕੀ ਜਵਾਨਾਂ ਨੂੰ ਕੁਝ ਇਨਾਮ ਦੇਣਾ ਚਾਹਿਆ, ਪਰ ਉਨ੍ਹਾਂ ਨੇ ਇਕ ਜਬਾਨ ਨਾਲ ਹੀ ਕੋਈ ਇਨਾਮ ਲੈਣੋਂ ਨਾਂਹ ਕਰਦਿਆਂ ਕਿਹਾ, "ਅਸ ਕੋਈ ਜਹੇ ਕਮੀਨੇ ਆਂ, ਮਿਜਮਾਨਾਂ ਕੋਲੂੰ ਪੈਸੇ ਘਿਨੀਏ, ਖਨਜੀਰ ਖਾਈਏ। ਤੁਸ ਸਾਡੇ ਸ਼ਾਹ ਨੇ ਆਏ ਹੋ, ਸਾਡੇ ਸਿਰੇ ਨੇ ਸਾਹਬ ਓ, ਆਖੋ ਤੇ ਕਿਨਹਾੜੇ ਤੇ ਚਾਈ ਕੇ ਤੁਸਾਂ ਕੀ ਅਧਵਾਲਾਂ ਛੋੜ ਆਈਏ। ਜਣੇ-ਕੁਜਣੇ ਕੀ ਅਸ ਦੂਰੋਂ ਪਛਾਣੀ ਘਿਨਨੇ ਆਂ, ਪੈਸੇ ਦੇਣੇ ਨਾ ਨਾਂ ਨਾਂਹ ਘਿਨੋ, ਅਲਾ ਨਾ ਦਿਤਾ ਬਹੂੰ ਕੁਝ ਏ, ਬੰਦਾ ਕਦੇ ਰਜਿਐ। ਨਾਈਏ ਨੇ ਦਸਿਐ, ਤੁਸ ਅਮਰਸਰੋਂ ਆਏ ਹੋ। ਸਾਡੇ ਸ਼ਾਹ ਵੀ ਦੀਵਾਲੀ ਤੇ ਜਾਣੇ ਹੋਣੇ ਨੇ ਅਮਰਸਰ ਜ਼ਿਆਰਤ ਕਰਨ। ਤੁਸਾਂ ਕੀ ਵਡਾਲਿਉਂ ਪਾਰ ਕਰਨੇ ਨਾ ਅਸ ਇਨਾਮ ਘਿਨੀਏ ਤਾਂ ਤੁਸ ਉਧਰ ਜਾਈ ਕੇ ਕਿਹ ਆਖਸੋ, ਇਥੇ ਬੰਦੇ ਵਸਣੇ ਨ ਕਿ ਸੂਰ। ਗਛੋ ਦਿਗਰੀ ਹੋਣੀ ਪਈ ਏ, ਬਦਲ ਆਈ ਗਿਆ, ਤਾਂ ਖਰਾਬ ਹੋਸੋ, ਪਾਂਚੇ ਛੁੰਗੋ, ਜੁਤੀਆਂ ਹਥ ਕਰੋ, ਤੇ ਪੈਰ ਪੁਟੀ ਜੁਲੋ।" ਅਸੀਂ ਜਦ ਤੁਰਨ

ਲਗੇ ਤਾਂ ਜਥੇਦਾਰ ਦੇ ਭਿਜੇ ਹੋਏ ਕੁੜਤੇ ਵਲ ਇਸ਼ਾਰਾ ਕਰਕੇ ਉਨ੍ਹਾਂ ਕਿਹਾ, "ਇਹ ਲਾਹੀ ਕੇ, ਨਿਚੋੜੀ ਕੇ, ਫਿਰ ਬਾਹੀ ਲੋ ਤੇ ਤੰਬੀ ਘਰ ਜਾਈ ਕੇ ਪਾਈ ਘਿਨਣੀ।"

ਜਥੇਦਾਰ ਨੇ ਕਿਹਾ: "ਮੈਂ ਗਰਮੀਆਂ ਵਿਚ ਪਾਜਾਮਾ ਪਾਂਦਾ ਹੀ ਨਹੀਂ ਹੁੰਦਾ।"

"ਹਛਾ ਗੋਡਿਓਂ ਨੰਗੇ ਹੀ ਰਹਿੰਨੇ ਓ?" ਉਨ੍ਹਾਂ ਨੇ ਕੁਝ ਹੈਰਾਨੀ ਨਾਲ ਓਪਰੇ ਜਿਹੇ ਲਹਿਜੇ ਵਿਚ ਕਿਹਾ।

: ੨ :

"ਰਖ ਸਾਈਂ ਨੀ!" ਇਹ ਸੁਆਗਤੀ ਸ਼ਬਦ ਜੇਹੜੇ ਪਿਤਾ ਜੀ ਨੇ ਸਾਨੂੰ ਘਰ ਦੇ ਵਿਹੜੇ ਵਿਚ ਪੈਰ ਰਖਦਿਆਂ ਵੇਖਕੇ ਵਰਤੇ, ਮੇਰੀ ਸਵਰਗ ਵਾਸੀ ਮਾਤਾ ਜੀ ਵਰਤਦੇ ਹੁੰਦੇ ਸਨ। ਦਿਹੁੰ ਅੰਦਰ ਬਾਹਰ ਸੀ, ਡੇਉੜੀ ਦੀ ਖੁਰਲੀ ਦੇ ਕਿਲੇ ਨਾਲ ਮਝ ਦੀ ਰਸੀ ਬੰਨ੍ਹ ਕੇ ਪਿਤਾ ਜੀ ਉਸ ਦੀ ਪਿਠ ਤੇ ਹਥ ਫੇਰ ਰਹੇ ਸਨ। ਅਸੀਂ ਤਿੰਨੇ ਜਣੇ ਬਾਹਰ ਦੇ ਬੂਹੇ ਤੋਂ ਅੰਦਰ ਹੋਏ।

"ਆਉ ਜੀ, ਆਉ ਜੀ, ਜਥੇਦਾਰ ਜੀ, ਮੌਲਵੀ ਸਾਹਿਬ।"

"ਲਾਲਾ ਜੀ ਇਹ ਤੇ ਹਾਸੇ ਨਾਲ ਮੈਨੂੰ ਮੌਲਵੀ ਆਖਦੇ ਨੇ, ਤੁਸੀਂ ਵੀ ਮਖੌਲ ਕਰਨ ਲਗ ਪਏ ਓ।" ਹਰਨਾਮ ਸਿੰਘ ਦੀ ਗਲ ਸੁਣ ਕੇ ਪਿਤਾ ਜੀ ਨੇ ਕਿਹਾ। "ਜਥੇਦਾਰ ਉਰੀ ਤੇ ਉਂਜ ਹੀ ਹਰ ਵੇਲੇ ਹਸਦੇ ਰਹਿੰਨੇ ਨੇ।" ਪਿਤਾ ਜੀ ਦੀ ਗਲ ਸੁਣ ਕੇ ਅਸੀਂ ਸਾਰੇ ਹਸ ਪਏ। ਹਰਨਾਮ ਸਿੰਘ ਦੀ ਦਾਹੜੀ ਮੌਲਵੀਆਂ ਵਰਗੀ ਹੈ, ਤੇ ਜਥੇਦਾਰ ਦੇ ਦੰਦ ਇਸ ਤਰ੍ਹਾਂ ਬਾਹਰ ਨਿਕਲੇ ਹੋਏ ਹਨ, ਜਿਵੇਂ ਉਹ ਹਰ

ਵੇਲੇ ਹਸਦਾ ਹੀ ਦਿਸਦਾ ਹੈ। ਪਿਤਾ ਜੀ ਦਾ ਇਧਰ ਹੀ ਇਸ਼ਾਰਾ ਸੀ। ਵੇਹੜੇ ਵਿਚ ਪਈ ਸਣ ਦੀ ਮੰਜੀ ਤੇ ਬਹਿੰਦਿਆ ਹਰਨਾਮ ਸਿੰਘ ਨੇ ਕਿਹਾ, "ਲਾਲਾ ਜੀ ਅਜ ਜਥੇਦਾਰ ਉਰੀ ਤੇ ਪਰੀਤਮ ਦੇ ਦੇਸ਼ ਹੀ ਰਵਾਨਾ ਹੋ ਚਲੇ ਸਨ ਜੇ ਦੋ ਮਾਸ਼ਕੀ ਨਾ ਬੋਹੜ ਪੈਂਦੇ ਤਾਂ।" ਚੇਹਰੇ ਤੇ ਆਈ ਚਿੰਤਾ ਨੂੰ ਪਿਤਾ ਜੀ ਜ਼ਬਾਨ ਤੇ ਲਿਆਣ ਹੀ ਲਗੇ ਸਨ ਕਿ ਜਥੇਦਾਰ ਬੋਲ ਪਿਆ, "ਲਾਲਾ ਜੀ ਦਾ ਮੁਰਗਾ ਖਾਣ ਲਈ ਪਰੀਤਮ ਦੇ ਦੇਸ਼ ਜਾਂਦੇ ਜਾਂਦੇ ਮੁੜ ਆਏ।" ਜਥੇਦਾਰ ਦੀ ਗਲ ਸੁਣ ਕੇ ਪਿਤਾ ਜੀ ਦਾ ਚਿੰਤਾ ਦਾ ਰੁਖ ਬਦਲ ਗਿਆ।

'ਇਸ ਵੇਲੇ ਮੁਰਗਾ!'

"ਲਾਲਾ ਜੀ ਅਜ ਜਥੇਦਾਰ ਨੇ ਵਡਾਲੇ ਦੇ ਪਾਣੀ ਨਾਲ ਘੋਲ ਸ਼ੁਰੂ ਕਰ ਦਿਤਾ, ਇਸ ਸਮਝਿਆ ਇਥੇ ਵੀ ਧਕਾ ਚਲ ਜਾਸੀ," ਹਰਨਾਮ ਸਿੰਘ ਨੇ ਗਲ ਭੁਲਾਈ, ਪਰ ਜਥੇਦਾਰ ਨੇ ਫਿਰ ਝਟ ਆਖ ਦਿਤਾ: "ਇਹ ਸਭ ਕੁਝ ਮੁਰਗੇ ਲਈ ਸੀ।"

"ਹਿਸ ਵੇਲੇ ਧਾਰਾ ਬਣਾਸੀ ਰਿਨਸੀ ਕੌਣ?" ਪਿਤਾ ਜੀ ਦੀ ਗਲ ਸੁਣ ਕੇ ਹਰਨਾਮ ਸਿੰਘ ਨੇ ਕਿਹਾ।

"ਲਾਲਾ ਜੀ ਜਾਣ ਦਿਉ ਇਸ ਵੇਲੇ ਜੋ ਕੁਝ ਪਕਾ ਰਿਧਾ ਹੈ, ਖਾ ਲਵਾਂਗੇ" ਪਰ ਜਥੇਦਾਰ ਨੇ ਮੌਲਵੀ ਨੂੰ ਮਾੜੀ ਜਿਹੀ ਘੂਰੀ ਵਟਦਿਆਂ ਤੇ ਹਸਾਉਣੇ ਦੰਦਾਂ ਤੇ ਜੀਭ ਫੇਰਦਿਆਂ ਕਿਹਾ, "ਮੌਲਵੀ ਬੜਾ ਸੁਸਤ ਆਦਮੀ ਏ, ਬਾਜ਼ਾਰ ਮਾਈ ਸੇਵਾਂ ਵਿਚ ਕਿਤਾਬਾਂ ਦੀ ਹਟੀ ਤੇ ਬਹਿ ਬਹਿ ਕੇ ਇਸ ਦੇ ਹਡਾਂ ਵਿਚ ਪਾਣੀ ਪੈ ਗਿਐ, ਲਾਲਾ ਜੀ, ਮੁਰਗੇ ਦਾ ਕੀ ਏ, ਮਿੰਟਾਂ ਵਿਚ ਭੁਨ ਭਨ ਲਾਂ ਗੇ।" ਮੌਲਵੀ ਫਿਰ ਵੀ ਬੁੜ ਬੁੜ ਕਰਦਾ ਰਿਹਾ,

ਜਥੇਦਾਰ ਉਤਾਵਲੀ ਜੇਹੀ ਚੁਪ ਵਿਚ ਦੰਦਾਂ ਨੂੰ ਹੋਠਾਂ ਹੇਠ ਲੁਕਾਈ ਪਿਤਾ ਜੀ ਵਲ ਵੇਖ ਰਿਹਾ ਸੀ।

"ਬਖਤਾਂ ਜ਼ਰਾ ਮੈਂਡੀ ਗਲ ਸੁਣੀ।"

"ਆਈ ਭਾਈ ਜੀ।"

ਕੋਠੇ ਦੇ ਬਨੇਰੇ ਤੇ ਖੜੋ ਕੇ ਪਿਤਾ ਜੀ ਨੇ ਉਚੀ ਸਾਰੀ ਆਵਾਜ਼ ਦਿਤੀ ਤੇ ਬਖਤਾਂ ਦਾ ਜੁਆਬ ਸੁਣ ਕੇ ਹੇਠ ਆ ਗਏ।

"ਕੋਈ ਚੂਚਾ ਹੈ ਈ?"

ਬਖਤਾਂ ਸਾਹਮਣੇ ਹੋਈ, ਤੁਰਤ ਪਿਤਾ ਜੀ ਦੀ ਆਵਾਜ਼ ਉਸ ਦੇ ਕੰਨਾਂ ਵਿਚ ਪਈ। "ਧਾੜ ਫਿਰਨੀ ਏ ਭਾਈ ਜੀ", ਆਖਦੀ ਉਹ ਪਿਛਲੇ ਪੈਰੀਂ ਪਰਤ ਗਈ।

"ਚਲੋ ਨਾਲ ਹੋ ਕੇ ਆਪ ਪਕੜ ਲਈਏ, ਕੈਡੀ ਕੁ ਦਰ ਹੈ ਬਖਤਾਂ ਦਾ ਘਰ?" ਗਲ ਅਜੇ ਜਥੇਦਾਰ ਦੇ ਮੂੰਹ ਵਿਚ ਹੀ ਸੀ ਕਿ ਬਖਤਾਂ ਦੋਹਾਂ ਹਥਾਂ ਵਿਚ ਇਕ ਇਕ ਕੁਕੜ ਫੜੀ ਆ ਗਈ।

"ਹਾਂ ਘਿਨੋਂ ਭਾਈ ਜੀ ਆਪੂੰ ਕੋਹੀ ਘਿਨੋ, ਸਾੜੇ ਕੁਠੇ ਤੇ ਤੁਸਾਂ ਖਾਣੇ ਨਹੀਂ, ਹਾਏ ਅਲਾ (ਜੀਭ ਟੁਕ ਕੇ) ਮੈਂ ਭੁਲੀ ਗਈ, ਹੇ ਮੁੰਡੀ ਤਰੁੰਡਣੇ ਕੀ ਤੁਸ ਕੇ ਆਖਣੇ ਓ, ਹਾਂ ਸਚੀ ਕੋਹੀ ਨਹੀਂ, ਝਟਕਾਈ ਘਿਨੋ।"

ਹਰਨਾਮ ਸਿੰਘ ਆਖਦਾ ਰਿਹਾ, "ਦੋ ਕੇ ਕਰਨੇ ਨੇ," ਪਰ ਜਥੇਦਾਰ ਨੇ ਉਸ ਨੂੰ ਬੇਮਲੂਮੀ ਜੇਹੀ ਝਾੜ ਪਾਂਦਿਆਂ ਦੋਵੇਂ ਮੁਰਗੇ ਫੜਕੇ ਕਿਹਾ, "ਮੌਲਵੀ ਦਾ ਹਾਜ਼ਿਮਾ ਖ਼ਰਾਬ ਏ" ਜਥੇਦਾਰ ਨੇ ਆਪ ਹੀ ਵਢ ਟੁਕ ਕੇ ਮੁਰਗੇ ਤਿਆਰ ਕੀਤੇ। ਮਾਸੀ ਨੇ ਮਸਾਲਾ ਘੋਟ ਲਿਆ। ਮੈਂ ਤੇ ਪਿਤਾ ਜੀ ਵੀ ਹਥ ਵਟਾਂਦੇ ਰਹੇ। ਮੌਲਵੀ ਮੰਜੇ ਤੇ ਲੰਮਾ ਪਿਆ ਉਡੀਕਦਾ ਰਿਹਾ। ਭਾਗਵੰਤੀ ਮੈਹਰੀ ਨੇ ਰੋਟੀਆਂ

ਲਾਹੀਆਂ। ਜਥੇਦਾਰ ਨੇ ਰੋਟੀਆਂ ਵਿਚ ਕੋਈ ਖਾਸ ਦਿਲਚਸਪੀ ਨਾ ਲਈ। ਮੌਲਵੀ ਨੇ ਇਕ ਦੋ ਵੇਰਾਂ ਫੁਲਕੇ ਚੰਗੇ ਸੇਕਣ ਲਈ ਆਖਿਆ। ਮੈਂ ਬਾਹਰੋਂ ਆਣ ਜਾਣ ਵਾਲਿਆਂ ਨਾਲ ਗਲੀਂ ਲਗਾ ਰਿਹਾ। ਜਥੇਦਾਰ ਨੂੰ ਕਈਆਂ ਨੇ ਵਾਰੋ ਵਾਰੀ ਆਖਿਆ, "ਜੀ ਤੁਸੀਂ ਆਰਾਮ ਨਾਲ ਬੈਠੋ, ਅਸੀਂ ਸਭ ਕੁਝ ਚੰਗੀ ਤਰ੍ਹਾਂ ਆਪ ਤਿਆਰ ਕਰਵਾਂਦੇ ਹਾਂ" ਪਰ ਜਥੇਦਾਰ ਨੂੰ ਸ਼ਾਇਦ ਇਤਬਾਰ ਨਹੀਂ ਸੀ ਕਿ ਉਸ ਤੋਂ ਚੰਗਾ ਵੀ ਕੋਈ ਮੁਰਗਾ ਬਣਾ ਸਕਦਾ ਹੈ, ਉਹ ਚੁਲ੍ਹੇ ਦੇ ਸਿਰਹਾਨੇ ਹੀ ਰਿਹਾ।

: ੩ :

ਪਿਤਾ ਜੀ ਸਵੇਰੇ ਮਝ ਚੋ ਕੇ ਹਟੇ, ਜਥੇਦਾਰ ਨੇ ਕਿਹਾ ਮੈਂ ਤੇ ਕਚਾ ਹੀ ਪੀ ਲਵਾਂਗਾ, ਜੇਹੜਾ ਦੁਧ ਬਾਕੀ ਬਚਿਆ, ਉਹ ਮਾਸੀ ਕਰਤਾਰੋ ਦੇ ਚੁਲ੍ਹੇ ਤੇ ਗਰਮ ਕਰਕੇ ਮੈਂ ਤੇ ਮੌਲਵੀ ਨੇ ਪੀ ਲਿਆ।

"ਲਾਲਾ ਜੀ ਤੁਸੀਂ ਅਮ੍ਰਿਤਸਰ ਕਿਉਂ ਨਹੀਂ ਚਲਦੇ, ਇਥੇ ਕੀ ਕਰਦੇ ਹੋ, ਉਥੇ ਟਬਰ ਵਿਚ ਚਲ ਕੇ ਰਵ੍ਹੋ, ਬੁਢੀਆਂ ਹਡੀਆਂ ਹਨ, ਚਾਰ ਦਿਨ ਸੁਖ ਲਵੋ" ਜਥੇਦਾਰ ਨੇ ਦੁਧ ਨਾਲ ਲਿਬੜੀਆਂ ਮੁਛਾਂ ਸਾਫ ਕਰਦਿਆਂ ਕਿਹਾ।

"ਜਥੇਦਾਰ ਜੀ ਮੈਂਡਾ ਤੇ ਕੁਝ ਨਹੀਂ, ਪਰ ਜੇ ਹਿਕ ਦਿਹਾੜਾ ਵੀ ਮੈਂ ਕਿਧਰੇ ਬਾਹਰ ਅੰਦਰ ਚਲਾ ਜਾਵਾਂ ਤਾਂ ਸਾਰ੍ਹੇ ਗਿਰਾਏਂ ਵਿਚ ਤਰਥਲੀ ਮਚ ਜਾਂਨੀ ਏ। ਅਜ ਤੁਸੀਂ ਰਹੋ ਤਾਂ ਆਪੇ ਪਤਾ ਲਗ ਜਾਏ ਕਿ ਮੈਂ ਇਥੇ ਕੇ ਕਰਨਾ ਹਾਂ।"

"ਰਹਿ ਤੇ ਨਹੀਂ ਸਕਦੇ ਲਾਲਾ ਜੀ, ਪਿਛੇ ਕੰਮ ਖਰਾਬ

ਹੁੰਦਾ ਹੈ" ਜਥੇਦਾਰ ਤੋਂ ਪਹਿਲਾਂ ਹੀ ਮੌਲਵੀ ਬੋਲ ਪਿਆ।

"ਚਲੋ, ਚਲੋ, ਚਲੋ" ਅਸਾਂ ਤਿੰਨਾਂ ਦੇ ਮੂੰਹ ਵਿਚ ਹੀ ਸੀ ਕਿ ਇਕ ਤਹਿਮਤ ਵਾਲਾ ਜਵਾਨ ਪਟਿਆਂ ਤੇ ਹਥ ਫੇਰਦਾ ਅੰਦਰ ਆਇਆ।

"ਨਿਕੇ ਭਾਈ ਉਰੀ ਕਦਣ ਆਏ ਨੇ ?" ਮੇਰੀ ਵਲ ਤਕ ਕੇ ਉਸ ਨੇ ਕਿਹਾ ਤੇ ਦਸਤ ਪੰਜਾ ਲੈ ਕੇ ਬਹਿ ਗਿਆ। "ਆ ਅਹਿਮਦਾ ਕੇ ਗਲ ਏ ?" ਪਿਤਾ ਜੀ ਨੇ ਉਸ ਤੋਂ ਪੁਛਿਆ।

"ਭਾਈ ਜੀ ਗਲ ਕੇ ਏ, ਮੈਂਡੇ ਨਾਲ ਜਰਾ ਜੁਲੋ, ਨਵਾਬੇ ਨੀ ਚਰੀ ਮਾਲੇ ਆਂ ਕੈ ਚਰਾ ਬੈਠਾਂ, ਬਲਾ ਗਲ ਪਾ ਲਈ ਏ, ਕੋਈ ਮਿਣ ਕਛ ਕੇ ਹੀ ਨਹੀਂ ਦੇਂਨਾ, ਕਿਸੇ ਆਂ ਹਿਸਾਬ ਹੀ ਨਹੀਂ ਆਂਣਾ, ਜੁਲਸੋ ਤੇ ਨਿਬੜਸੀ।"

ਪਿਤਾ ਜੀ ਨੇ ਸਾਡੇ ਵਲ ਵੇਖਕੇ ਕਿਹਾ, "ਇਹ ਟੁਰਦੇ ਨੇ ਤੇ ਜੁਲਨੇ ਆਂ।" ਅਹਮਦ ਸ਼ਾਹ 'ਹਛਾ' ਆਖ ਕੇ ਟੁਰ ਗਿਆ। ਉਸ ਨੇ ਅਜੇ ਬੂਹਿਉਂ ਬਾਹਰ ਪੈਰ ਰਖਿਆ ਹੀ ਸੀ ਕਿ ਮਤਾ ਨਾਈ ਆ ਗਿਆ।

ਮੌਲਵੀ ਨੇ ਜਥੇਦਾਰ ਨੂੰ ਕਿਹਾ : "ਉਠੋ ਫਿਰ ਧੁਪ ਚੜ੍ਹ ਪਵੇਗੀ।"

ਮਤੇ ਨੇ ਮੇਰੇ ਨੇੜੇ ਹੁੰਦਿਆਂ ਕਿਹਾ, "ਨਿਕੇ ਭਾਈ ਉਰੀ ਆਏ ਕਦਣ ਤੇ ਟੁਰਨੇ ਨੀਆਂ ਕੇ ਗਲਾਂ ਪਏ ਕਰਨੇ ਨੋਂ।"

ਪਿਤਾ ਜੀ ਦੇ ਪੁਛਣ ਤੇ ਮਤਾ ਆਖਣ ਲਗਾ, "ਭਾਈ ਜੀ ਇਸ ਗੁਰੇ ਮਰਵਾਹੇ ਨੇ ਤੇ ਹਦ ਹੀ ਮੁਕਾ ਦਿਤੀ ਏ, ਖਬਰੇ ਰਬੇ ਆਂ ਜਾਨ ਦੇਣੀ ਸੋ ਕਿ ਨਹੀਂ, ਮਕਈ ਨੀ ਹਿਕ ਪਾਈ (੩੧ ਸੇਰ) ਪਿਛਲੇ ਸਿਆਲੇ ਉਸ ਕੋਲੋਂ ਘਿਧੀ ਸੀ ਤੇ ਦਾਹ

ਨਗਦ, ਉਹ ਸੌ ਪੂਰਾ ਬਣਾਈ ਬੈਠੈ, ਜ਼ਰਾ ਉਸ ਦੀ ਵਹੀ ਵੇਖ ਕੇ ਨਾਵਾਂ ਲੁਹਾ ਦਿਉ, ਮੈਂਡੀ ਜਾਨ ਛੁਟਦੀ ਔਖੀ ਹੋਈ ਪਈ ਏ।"

"ਕੋਈ ਨਹੀਂ ਮਤਿਆ, ਮਿਜਮਾਨ ਟੁਰ ਲੈਣ, ਮੈਂ ਗੁਰੇ ਆਂ ਸਮਝਾਸਾਂ, ਹਿਸਾਬ ਵੇਖ ਘਿਨਸਾਂ।" ਪਿਤਾ ਜੀ ਦਾ ਜਵਾਬ ਸੁਣ ਕੇ ਮਤੇ ਦਾ ਨਿਮੋਝੂਣਾ ਚੇਹਰਾ ਭਖ ਪਿਆ।

"ਚੰਗਾ ਲਾਲਾ ਜੀ ਸਾਨੂੰ ਦੇਰ ਹੁੰਦੀ ਏ।" ਜਥੇਦਾਰ ਦੀ ਗਲ ਦਾ ਮੈਂ ਤੇ ਮੌਲਵੀ ਦੋਹਾਂ ਨੇ ਹੁੰਗਾਰਾ ਭਰਿਆ। ਪਿਤਾ ਜੀ ਸਾਨੂੰ ਵਿਦਾ ਕਰਨ ਲਈ ਉਠੇ ਹੀ ਸਨ ਕਿ ਜੁੰਮੇ ਮੁਸੱਲੀਏ ਨੇ ਆਣ ਸਾਹਿਬ ਸਲਾਮ ਆਖੀ। "ਭਾਈ ਜੀ ਮੈਂ ਪਹਾੜੂ ਅਲਪਿਆਲੇ ਨਾਲ ਵੱਛੇ ਦਾ ਸੌਦਾ ਮਾਰਿਐ, ਜੁਲੋ ਜ਼ਰਾ ਦੰਦ ਤਕੀ ਕੇ ਉਸ ਦੀ ਉਮਰਾਂ ਨਾਂ ਅੱਟਾ ਸੱਟਾ ਦਸੋ ਖਾਂ।"

"ਓ ਮੁਸੱਲੀਆ ਸੌਹਰਿਆ ਕਿਥੇ ਅਲਪਿਆਲਾਂ ਦੇ ਅੱੜੇ ਜਾ ਚੜ੍ਹਿਐਂ," ਜੁਮੇਂ ਨੂੰ ਜੁਆਬ ਦੇਂਦਿਆਂ ਪਿਤਾ ਜੀ ਨੇ ਕਿਹਾ: "ਅਜੇ ਤੇ ਮੈਂ ਵੇਹਲਾ ਨਹੀਂ।" ਜੁਮਾਂ ਕੁਝ ਸਹਿਮ ਗਿਆ, ਉਸ ਦੇ ਮੱਸਿਆ ਰੰਗੇ ਚੇਹਰੇ ਤੋਂ ਮਨ ਦੀ ਅਵਸਥਾ ਦਾ ਪਤਾ ਲਾਣਾ ਔਖਾ ਸੀ, ਮੂੰਹੋਂ ਚੁਪ ਸੀ ਤੇ ਦੰਦ ਬੰਦ ਸਨ।

ਹੁਣ ਅਸੀਂ ਪੱਕੇ ਇਰਾਦੇ ਨਾਲ ਉਠੇ। ਜਥੇਦਾਰ ਤੇ ਮੌਲਵੀ ਕਹਿਣ ਲਗੇ, ਲਾਲੇ ਉਰਾਂ ਦੇ ਕੰਮ ਨਹੀਂ ਮੁਕਣੇ, ਛੁਟੀ ਲਵੋ, ਮੈਂ ਵੀ ਕਿਹਾ, ਹਾਂ ਹਾਂ ਚਲੋ। ਮੈਂ ਪਿਤਾ ਜੀ ਦੇ ਗੋਡਿਆਂ ਤੇ ਉੜਿਆ ਉਨ੍ਹਾਂ ਗਲ ਨਾਲ ਲਾਇਆ।

"ਹੇ ਕੇ, ਆਇ ਕਦਣ ਤੇ ਜੁਲੇ ਕਦਣ, ਸੁਜਾਨ ਸਿੰਘਾ ਤੁਸ ਦਸਿਆ ਹੀ ਨਹੀਂ, ਗੁਰਮੇ ਉਰੀ ਆਏ ਹੋਏ ਨੇ, ਜੇ ਹੁਣ ਮੈਂ ਆਪਣੇ ਕੰਮ ਨਾ ਆਂਨੀ ਤਾਂ ਇਹ ਮਿਲੇ ਬਗੈਰ ਹੀ ਨਸ ਜੁਲਿਆ ਸਾ, ਗੁਰਮਾ ਹੁਣ ਵਡਾ ਜਣਾ ਹੋ ਗਿਐ।"

"ਨਹੀਂ ਚਾਚੀ ਖਾਤੂ"

"ਨਹੀਂ ਕੇ ਮੈਂ ਤੇ ਰੱਬ ਸਬੱਬੀ ਹੀ ਭਾਈ ਉਰਾਂ ਅਲ ਆਈ।" ਇਤਨੀ ਗਲ ਮੇਰੇ ਨਾਲ ਕਰਕੇ ਖਾਤੂ ਪਿਤਾ ਜੀ ਨੂੰ ਆਖਣ ਲਗੀ, "ਭਾਈ ਜੀ ਉਹ ਸੂਰ ਆਏ ਹੋਏ ਨੇ, ਛੁੜਾਉ ਉਨ੍ਹਾਂ ਪਿਟਿਆਂ ਤੋਂ ਮੈਂਡੀ ਧੀਉ ਨੀ ਜਾਨ, ਤੋਬਾ ਜਿਹਾਂ ਸਾਕਾਂ ਤੋਂ, ਦੇਣ ਜੇ ਦੇਣੇ ਨੇ ਤਲਾਕ ਤੇ, ਜੁਲੋ ਆਖੋ ਨੇ, ਖਾਣ ਆਪਣੇ ਸਿਰੇ ਆਂ।"

"ਹਛਾ ਖਾਤੂ ਮੈਂ ਹਿਨ੍ਹਾਂ ਨੂੰ ਜਰਾ ਟੋਰ ਆਵਾਂ।"

ਪਿਤਾ ਜੀ ਦੀ ਗਲ ਸੁਣ ਕੇ ਖਾਤੂ ਨੇ ਕਿਹਾ, "ਅਜ ਹਿਨਾਂ ਕੀ ਮੈਂ ਨਹੀਂ ਜਾਣ ਦੇਣਾ, ਮੈਂ ਕੁਕੜ ਭੇਜਨੀ ਆਂ, ਨਾਲੇ ਕੜਾਹੀ ਵਾਸਤੇ ਆਟਾ, ਘਿਉ ਤੇ ਮਿੱਠਾ, ਗੁਰਮੈਂ ਦੀ ਗਲ ਤੇ ਨਹੀਂ, ਇਸ ਨੇ ਸੰਗੀਆਂ ਨੇ ਕਦਣ ਇਥੇ ਆਣੈ।"

"ਨਹੀਂ ਇਹ ਤੇ ਸਵੇਲੇ ਨੇ ਹੀ ਤਿਆਰ ਹੋਏ ਬੈਠੇ ਨੇ," ਪਿਤਾ ਜੀ ਨੇ ਫਿਰ ਕਿਹਾ, "ਖਾਤੂ ਮੈਂ ਹਿਨਾਂ ਨੂੰ ਟੋਰ ਕੇ ਹੁਣੇ ਆਨਾਂ ਵਾਂ।" ਖਾਤੂ ਨੇ ਮੈਨੂੰ ਅਜ ਰਹਿਣ ਲਈ ਫਿਰ ਬੜਾ ਜ਼ੋਰ ਦਿਤਾ, ਅਜ ਉਹ ਧੀ ਦੇ ਸੌਹਰਿਆਂ ਹਥੋਂ ਬਹੁਤ ਤੰਗ ਹੋਣ ਕਰਕੇ ਕੁਝ ਹਮਸੋਸੀ ਹੋਈ ਸੀ। ਸਾਨੂੰ ਟੁਰਦਿਆਂ-ਟੁਰਦਿਆਂ ਹੀ ਦੁਪਹਿਰ ਆ ਗਈ। ਅਸਾਂ ਪਿਤਾ ਜੀ ਨੂੰ ਬਹੁਤੇਰਾ ਕਿਹਾ ਕਿ ਤੁਸੀਂ ਆਪਣੇ ਕੰਮ ਕਾਜ ਕਰੀ ਜਾਉ ਤੇ ਸਾਨੂੰ ਜਾਣ ਦਿਉ, ਪਰ ਉਹ ਉਤੀ ਬੰਨੀ ਤਕ ਸਾਨੂੰ ਟੋਰਨ ਆਉਣਾ ਚਾਹੁੰਦੇ ਸਨ। ਪਿੰਡ ਦਾ ਇਹ ਨਿਯਮ ਹੀ ਹੈ। ਖੈਰ ਖੈਰ ਕਰਕੇ ਜਦ ਅਸੀਂ ਬੂਹਿਉਂ ਬਾਹਰ ਨਿਕਲੇ, ਸਾਡੇ ਅਗੇ ਤੁਰੇ ਜਾਂਦੇ ਪਿਤਾ ਜੀ ਨੂੰ ਦੂਰੋਂ ਵੇਖ ਦਿਤੂ ਮਰਾਸੀ ਨੇ ਕਿਹਾ, "ਭਾਈਆ ਕਿਥੇ ਜੁਲਿਐਂ, ਮੈਂ ਆਇਆ ਸਾਂ ਕਿ ਚਾਰ ਅਠੇ ਮੰਜੀ ਨੇ ਪੁਆਸਾਂ।" ਦਿਤੂ ਦੇ ਹਥ ਵਿਚ ਵਾਣ ਦਾ ਪਿੰਨਾਂ ਸੀ ਤੇ ਮੋਢੇ ਤੇ ਚੁਖਾਟ। ਪਿਤਾ ਜੀ ਨੇ

ਕਿਹਾ, ਦਿਤੂ ਮੈਂ ਹਿਨਾਂ ਮਿਜਮਾਨਾਂ ਨੂੰ ਜਰਾ ਅਗੇ ਵਡੀ ਬਨ੍ਹੀ ਤਕ ਕਰ ਆਵਾਂ।

"ਨਿਕੇ ਭਾਈ ਉਰੀ ਤਾਂ ਰਹਿਸਣ ਨਾ।"

"ਨਹੀਂ ਇਹ ਵੀ ਨਾਲ ਹੀ ਜੁਲਿਐ।" ਦਿਤੂ ਨੂੰ ਜੁਆਬ ਦਿੰਦੇ ਟੁਰਦੇ ਗਏ। ਬਨ੍ਹੀ ਦੇ ਪਾਸ ਸਾਰਾ ਗਿਰਾਂ ਹੀ ਸਾਨੂੰ ਟੋਰਨ ਲਈ ਇਕੱਠਾ ਹੋ ਗਿਆ। ਭਾਈਆਂ ਦੀ ਹਵੇਲੀ ਤੇ ਸਾਰੀ ਹੀ ਸੀ।

: ੪ :

ਹੁਣ ਮੈਂ ਡਾਇਰੀ ਲਿਖਦਾ ਹਾਂ। ੨੦ ਮਾਰਚ ੧੯੪੭ ਦਾ ਦਿਨ ਸੀ। ਮੇਰਾ ਇਕ ਲੰਮਾਂ ਹਉਕਾ ਨਿਕਲ ਗਿਆ। ਮੈਂ ਬੜਾ ਪਛਤਾਇਆ, ਪ੍ਰੇਮ ਤੇ ਮਸ਼ੈਲ ਮੈਨੂੰ ਹੋੜਦੇ ਰਹੇ, ਪਰ ਪਤਾ ਨਹੀਂ ਕਿਉਂ, ਜਿਥੋਂ ਪਿੰਡੀ ਤੇ ਅਧਵਾਲਾਂ ਦਾ ਰਾਹ ਪਾਟਦਾ ਸੀ, ਤੱਲ੍ਹੇ ਦੇ ਚੌਕ ਚੋਂ ਮੇਰੇ ਪੈਰ ਅਧਵਾਲਾਂ ਵਾਲੇ ਪਾਸੇ ਪੈ ਗਏ। ਰਸਤੇ ਵਿਚ ਪਹਿਲਾਂ ਸਲਮੂਨ ਆਇਆ। ਸਲਮੂਨਾਂ ਦੇ ਨਥੂ ਖੋਜੇ ਨੂੰ ਮੈਂ ਤਾਇਆ ਤੇ ਸ਼ੇਰੇ ਨੂੰ ਚਾਚਾ ਆਖਦਾ ਹੁੰਦਾ ਸਾਂ। ਚਾਚੀ ਹੁਸਨ ਬਾਨੋਂ ਦੇ ਘਰ ਵਿਚ ਮੇਰੇ ਜੋਗਾ ਹੋਰ ਕੁਝ ਨਾ ਹੋਵੇ ਤਾਂ ਉਹ ਸਾਰੇ ਦਾ ਸਾਰਾ ਮਖਣ, ਵਿਚ ਗੁੜ ਦੀਆਂ ਰੋੜੀਆਂ ਭੋਰ ਕੇ ਕੈਂਹ ਦੇ ਭਾਂਡੇ ਵਿਚ ਮੈਨੂੰ ਚਟਾ ਦੇਂਦੀ ਸੀ। ਇਕ ਨਿਕੀ ਜਿਹੀ ਪਟਾਰੀ ਵਿਚ ਉਹ ਭੁਜੇ ਹੋਏ ਛੋਲਿਆਂ ਦੀਆਂ ਗੁਲੀਆਂ ਚੁਣ ਚੁਣ ਕੇ ਮੇਰੇ ਵਾਸਤੇ ਜਮਾ ਰਖਦੀ ਸੀ। ਇਸ ਵੇਲੇ ਮੈਂ ਬਹੁਤ ਹੀ ਡੂੰਘੇ ਧਿਆਨ ਵਿਚ ਸਾਂ, ਮਸ਼ੈਲ ਨੇ ਮੈਨੂੰ ਮੋਢਾ ਮਾਰਿਆ, "ਕੀ ਸੋਚਦੈਂ ਮਸਾਫ਼ਿਰਾ, ਕਿਨ੍ਹਾਂ ਗਿਣਤੀਆਂ ਵਿਚ ਏਂ।" ਇਥੇ ਮੁਸਾਫ਼ਿਰ ਸ਼ਬਦ ਸੂਈ ਵਾਂਗ ਮੇਰੇ ਮਨ ਨੂੰ ਚੁਭਿਆ। ਮੈਂ ਚਾਲ੍ਹੀ ਕੁ ਸਾਲ ਪਹਿਲਾਂ ਦੇ ਧੁੰਦਲੇ ਉਮਰ-ਪਤਰਿਆਂ ਦੀਆਂ ਅਧ-ਮਿਟੀਆਂ ਲਕੀਰਾਂ ਗਿਣ ਰਿਹਾ ਸਾਂ — ਚਾਚੀ ਹੁਸਨ ਬਾਨੋ

ਦੇ ਘੜੇ ਵਿਚੋਂ ਮੈਂ ਟਾਸ ਵਿਚ ਪਾਣੀ ਪਾ ਕੇ ਪੀ ਲਿਆ ਸੀ,ਚਾਚੀ ਨੇ ਮੇਰੇ ਕੰਨ ਮਰੋੜੇ ਸੀ, "ਭੈੜਿਆ ਜਾਤਕਾ ਅਗੋਂ ਨਾ ਹੇ ਗਲ ਕਰੀਂ, ਤੁਸਾਂ ਸਾੜਾ ਪਾਣੀ ਨਹੀਂ ਪੀ ਸਕਣੈ।" "ਤੇ ਮਖਣ ਗੁਲੀਆਂ ਖਾ ਸਕਦੇ ਆਂ?" ਮੇਰੀ ਗਲ ਦਾ ਜੁਆਬ ਚਾਚੀ ਨੇ ਸਿਰਫ਼ ਇਤਨਾ ਹੀ ਦਿੱਤਾ ਸੀ, "ਜੇ ਤੂੰ ਅਗੋਂ ਹਿਸ ਤਰ੍ਹਾਂ ਕਰਸੇਂ ਤਾਂ ਭਾਈ ਉਰੀ ਮੈਂਡੇ ਘਰ ਨਹੀਂਉ ਵੜਨ ਦੇਣ ਲਗੇ।"

ਸਲਮੂਨਾਂ ਤੇ ਅਧਵਾਲਾਂ ਦੇ ਖੂਹ ਜ਼ਿਮੀਆਂ ਵਾੜੀਆਂ ਸਭ ਸਾਂਝੀਆਂ ਹਨ।

ਅਜ ਮੈਂ ਤੇ ਮੇਰੇ ਸਾਥੀ ਛਿਆਂ ਫ਼ੌਜੀਆਂ ਦੀ ਹਿਫ਼ਾਜ਼ਤ ਵਿਚ। ਹਾਂ ਤਿੰਨ ਰੁਹਤਕ ਦੇ ਜਾਟ ਹਨ ਤੇ ਤਿੰਨ ਮੁਸਲਮਾਨ। ਸਲਮੂਨਾਂ ਕੋਲੋਂ ਲੰਘ ਰਹੇ ਸਾਂ, ਮੈਂ ਗਿਰਾਏਂ ਵਲ ਰੁਖ਼ ਕੀਤਾ, ਤਾਂ ਇਕ ਮੁਸਲਮਾਨ ਫ਼ੌਜੀ ਨੇ ਕਿਹਾ, "ਸਰਦਾਰ ਜੀ ਸਿਧੇ ਅਧਵਾਲੇਂ ਜੁਲੋ ਜੇ ਜੁਲਣਾ ਨੇ ਤੇ, ਨਾਲੇ ਲਾਰੀ ਵਿਚ ਬਹਿ ਜਾਉ, ਹਨੇਰਾ ਹੋਣ ਤੋਂ ਪਹਿਲਾਂ ਸਾਨੂੰ ਪਿੰਡੀ ਪਹੁੰਚਣ ਦਾ ਹੁਕਮ ਹੈ।" ਮੈਂ ਦਸ ਚੁਕਾ ਹਾਂ, ੨੦ ਮਾਰਚ ੧੯੪੭ ਦਾ ਦਿਨ ਸੀ। ਸੂਰਜ ਦੀ ਟਿੱਕੀ ਅਜੇ ਚਮਕ ਰਹੀ ਸੀ, ਮੈਂ ਸੜਕ ਦੇ ਦੋਹੀਂ ਬੰਨੀਂ ਸਾਵੀਆਂ ਕਚੂਰ ਕਣਕਾਂ ਨੂੰ ਵੇਖਦਾ ਸਾਂ। ਅਬਦਾਂ ਦੀ ਬੰਨੀ ਕੋਲ ਆਣ ਕੇ ਲਾਰੀ ਰੁਕ ਗਈ। ਨਿਕੇ ਹੁੰਦਿਆਂ ਇਸੇ ਬੰਨੀ ਵਿਚ ਆਪਣੀ ਮੱਝ ਨੁਹਾਂਦਾ ਤੇ ਪਾਣੀ ਪਿਲਾਂਦਾ ਸਾਂ। ਭਾਈਆਂ ਦੀ ਹਵੇਲੀ ਦੀਆਂ ਸਵਾਰੀਆਂ ਲਾਰੀ ਚੋਂ ਇਸੇ ਬੰਨੀ ਤੇ ਉਤਰਦੀਆਂ ਸਨ। ਜਦ ਕਦੇ ਆਵਣਾ, ਪਿਤਾ ਜੀ ਤੇ ਉਹਨਾਂ ਦੇ ਸੰਗੀ ਸਾਥੀਆਂ ਨੇ ਇਥੇ ਹੀ ਉਡੀਕਦੇ ਹੋਣਾ। ਕਿਸੇ ਮੇਰਾ ਸੂਟ-ਕੇਸ ਫੜ ਲੈਣਾ ਕਿਸੇ ਕੰਬਲ ਕਿਸੇ ਕਿਤਾਬ, ਕਿਸੇ ਨੇ ਪਿਆਰ ਭਰੇ ਮਿਠੇ ਮਖ਼ੌਲ ਨਾਲ ਮੈਨੂੰ ਹੀ ਚੁਕ ਲੈਣਾ। ਅਜ ਕੋਈ ਬਹੁਤਾ

ਚਿਰ ਤੇ ਨਹੀਂ ਹੋਇਆ। ੧੯੪੦ ਵਿਚ ਮੈਂ ਸਤਯਾਗ੍ਰਹਿ ਕਰਕੇ ਫੜਿਆ ਗਿਆ ਸਾਂ। ੧੯੪੧ ਵਿਚ ਰਿਹਾ ਹੋਇਆ, ਪਰ ਫਿਰ ਅਗਸਤ ੧੯੪੨ ਵਿਚ ਸਾਰਿਆਂ ਨਾਲ ਫੜਿਆ ਗਿਆ, ਪਿਤਾ ਜੀ ਪਿਛੋਂ ਹੀ ਸਦਾ ਲਈ ਵਿਛੋੜਾ ਦੇ ਗਏ। ਇਸ ਵਾਰੀ ਰਿਹਾ ਹੋ ਕੇ ਵੀ ਮੈਂ ਨਜ਼ਰਬੰਦ ਰਿਹਾ। ਮਤਲਬ ਇਹ ਕਿ ਅਗੇ ਮੈਂ ੧੯੪੦ ਤੋਂ ਪਹਿਲਾਂ ਹੀ ਕਿਤੇ ਅਧਵਾਲੇਂ ਆਇਆ ਹੋਵਾਂਗਾ। ਕੋਈ ਬਹੁਤ ਚਿਰ ਨਹੀਂ ਹੋਇਆ, ਪਰ ਅਜ ਇਉਂ ਜਾਪਿਆ ਜਿਵੇਂ ਮੈਂ ਸਦੀਆਂ ਦਾ ਓਪਰਾ ਹਾਂ। ਅਬਦਾਂ ਦੀ ਬੰਨੀ ਤੇ ਅਜ ਮੈਨੂੰ ਕਿਸ ਉਡੀਕਣਾ ਸੀ? ਫ਼ੌਜੀਆਂ ਨੇ ਸਿਧੇ ਰਸਤੇ ਮੈਨੂੰ ਆਪਣੇ ਘਰ ਵਲ ਵੀ ਨਾ ਜਾਣ ਦਿਤਾ। ਦੂਰ ਸਾਰੇ ਰਾਹ ਤੋਂ ਹਟਵੇਂ ਕੁਝ ਤਹਿਮਤਾਂ ਤੁਰਿਆਂ ਵਾਲੇ ਬੰਦੇ ਖੜੇ ਸਨ, ਫ਼ੌਜੀ ਉਹਨਾਂ ਦੇ ਇਸ਼ਾਰੇ ਨਾਲ ਮੈਨੂੰ ਦੂਜੇ ਰਸਤਿਓਂ ਪਿੰਡ ਦੇ ਅੰਦਰ ਲੈ ਗਏ। ਇਕ ਫ਼ੌਜੀ ਦੇ ਰੋਕਦਿਆਂ ਰੋਕਦਿਆਂ ਮੈਂ ਦੌੜ ਕੇ ਕੱਚੀਆਂ ਪੌੜੀਆਂ ਥਾਣੀਂ ਕੋਠੇ ਤੇ ਚੜ੍ਹ ਗਿਆ। ਕੋਠੇ ਤੇ ਚੜ੍ਹਦਿਆਂ ਹੀ ਮੈਂ ਤਾੜ ਗਿਆ ਕਿ ਮੈਨੂੰ ਆਪਣੇ ਘਰ ਤਕ ਸਿਧੇ ਰਸਤਿਓਂ ਕਿਉਂ ਨਹੀਂ ਆਉਣ ਦਿਤਾ ਗਿਆ। ਚਾਚੇ ਮੁਖੇ ਖਨੇ ਦੇ ਘਰ ਤੋਂ ਤਾਏ ਨਾਨੂੰ ਦੇ ਘਰ ਤਕ ਸਭ ਖੋਲੇ ਹੀ ਖੋਲੇ ਹੋਏ ਪਏ ਸਨ। ਅਧ-ਸੜੀਆਂ ਛੱਤਾਂ, ਅਧ-ਡਿਗੀਆਂ ਕੰਧਾਂ, ਹਵੇਲੀ ਦਾ ਹੁਲੀਆ ਬਦਲਿਆ ਪਿਆ ਸੀ। ਤਾਏ ਨਾਨੂੰ ਦੇ ਘਰ ਦੀਆਂ ਢਠੀਆਂ ਕੰਧਾਂ ਦੇ ਓਹਲੇ ਕੁਝ ਜਣੇ ਜ਼ਨਾਨੀਆਂ ਖੜੋਤੇ ਹਨ। ਬਖ਼ਤਾਂ ਸੂਬੇਦਾਰਨੀ, ਭਾਗ-ਭਰੀ ਮਰਾਸਣ ਤੇ ਜੀਊਣੀ ਤੇਲਣ ਨੂੰ ਮੋਢਿਆਂ ਤੋਂ ਝੂਣ ਕੇ ਮੇਰੀ ਵਲ ਹਥ ਨਾਲ ਇਸ਼ਾਰਾ ਕਰ ਰਹੀ ਹੈ। ਸੂਬੇਦਾਰਨੀ ਦੀ ਆਵਾਜ਼ ਮੇਰੇ ਕੰਨਾਂ ਤਕ ਨਹੀਂ ਪਹੁੰਚਦੀ ਸੀ ਪਰ ਉਸਦੇ ਹਿਲਦੇ ਬੁਲ੍ਹਾਂ ਚੋਂ

ਇਸ ਵੇਲੇ ਇਸ ਤੋਂ ਬਗੈਰ ਕੁਝ ਨਿਕਲ ਨਹੀਂ ਸੀ ਸਕਦਾ, "ਹੇ ਭਾਗਭਰੀਏ, ਨੀ ਹੇ ਜੀਊਣੀਏ, ਹੇ ਭਾਈ ਸੁਜਾਨੇ ਨਾ ਜਾਤਕ ਨਹੀਂ ?" "ਹੈ ਤੇ ਉਹਾ ਈ, ਪਰ ਹੇ ਅਜੇ ਜਾਤਕ ਏ ਹੈਡੀ ਲੰਮੀ ਦਾਹੜੀ।" "ਸਾੜ੍ਹਾ ਤੇ ਜਾਤਕ ਈ ਏ ਗੁਰਮਾਂ, ਸਾੜ੍ਹੇ ਹਥਾਂ ਵਿਚ ਜੰਮਿਐਂ।" "ਹਾਂ ਸਚੀ ਮਥਰੋ ਨੀ ਦਾਈ ਤੇ ਖਾਤੂ ਹੀ ਸੀ।" "ਹਾਂ ਸਾੜ੍ਹੇ ਹਥਾਂ ਵਿਚ ਜੰਮਿਐਂ, ਦੋਹਾਂ ਭੈਣਾਂ ਤੋਂ ਪਲੇਠੀ ਨਾ ਜਾਤਕ ਸੀ, ਹਿਸੇ ਛਤੇ ਆਂ ਪਾੜ ਕੇ ਵਿਚੋਂ ਲੰਘਾਇਆ ਸੀ।" "ਹਾਏ ਭੈੜਾ ਭੁਖਾ ਭਾਣਾ ਹੋਸੀ, ਹਿਥੇ ਕੁਣ ਟਿਕੀ ਪੁਛਣੇ ਆਲਾ ਸੂ।" "ਅਸ ਹੁਣ ਹਿਸ ਨਾਲ ਗਲ ਵੀ ਨਾ ਕਰ ਸਕਣੇ" "ਹਾਏ ਜਮਾਨਿਆਂ, ਹੀ ਬਿਹਾਰ ਕੁਥੇ ਏ ਜਿਥੇ ਮੁਸਲਮਾਨਾਂ ਕੀ ਮਾਰਿਆ ਨੇ ਤੇ ਸਾਡੇ ਜਣਿਆਂ ਕੀ ਤੈਸ਼ ਆ ਗਿਐ" "ਸਾਡੀ ਬਲਾ ਜਾਣੇ।"

ਕੋਠੇ ਤੋਂ ਹੇਠ ਉਤਰਨ ਲਗਿਆਂ ਅਜੇ ਚਾਰ ਪੌੜੀਆਂ ਰਹਿੰਦੀਆਂ ਸਨ, ਮੈਂ ਧੜੰਮ ਵਿਹੜੇ ਵਿਚ ਜਾ ਡਿਗਾ। ਇਕ ਫ਼ੌਜੀ ਨੇ ਮੇਰੇ ਕਪੜੇ ਛੰਡੇ, ਸੁਫ਼ੇ ਦਾ ਬੂਹਾ ਖੋਹਲ ਕੇ ਮੈਂ ਅੰਦਰ ਵੜਿਆ, ਅਗਲੀ ਕੋਠੀ ਵਿਚ ਹਨੇਰਾ ਸੀ। ਪਰ ਮੈਂ ਸਾਰਾ ਫਿਰ ਆਇਆ, ਕੋਈ ਚੀਜ਼ ਮੇਰੇ ਪੈਰਾਂ ਵਿਚ ਨਾ ਅੜੀ। ਸੁਫ਼ੇ ਵਿਚ ਕੰਧ ਨਾਲ ਲਗੀਆਂ ਬਗੈਰ ਢਕਣਾਂ ਦੇ ਦੋ ਲਕੜ ਦੀਆਂ ਸੰਦੂਕਾਂ ਪਈਆਂ ਸਨ। ਅੰਦਰ ਵੜਦਿਆਂ ਬੂਹੇ ਦੇ ਨਾਲ ਖਬੇ ਪਾਸੇ ਇਕ ਚੱਕੀ ਉਸੇ ਤਰ੍ਹਾਂ ਪਈ ਸੀ, ਇਸ ਚੱਕੀ ਉਤੇ ਸਾਡੇ ਘਰ ਆ ਕੇ ਕਈ ਵੇਰਾਂ ਨਦਰੇ ਅਲਿਪਿਆਲੇ ਦੀ ਵਹੁਟੀ ਮਕਈ ਦਲਦੀ ਹੁੰਦੀ ਸੀ, ਕਦੇ ਕਦੇ ਉਸ ਦੇ ਨਾਲ ਉਸ ਦੀ ਧੀ ਭਾਗੀ ਵੀ ਹੁੰਦੀ ਸੀ। ਭਾਗੀ ਆਪ ਧਿਆਨੀ ਕਈ ਮਾਹੀਏ ਦੇ ਟਪੇ ਗਾਂਦੀ ਰਹਿੰਦੀ ਤੇ ਮੈਂ ਬੂਹੇ ਪਿਛੇ ਲੁਕ ਕੇ ਸੁਣਦਾ ਹੁੰਦਾ ਸਾਂ। ਉਨ੍ਹਾਂ

ਟਪਿਆਂ ਵਿਚੋਂ ਮੈਨੂੰ ਇਕ ਯਾਦ ਆ ਗਿਆ। ਮੈਂ ਗੁਣ ਗੁਣਾਣ ਲਗ ਪਿਆ। "ਪਿਪਲੇ ਨੇ ਪਤਿਆ ਵੇ ਕੇਹੀ ਖੜ ਖੜ ਲਾਈ ਹੋਈ ਆ, ਝੜ ਗਏ ਪੁਰਾਣੇ ਵੇ, ਰੁਤ ਨਵਿਆਂ ਦੀ ਆਈ ਹੋਈ ਆ।"

"ਜਲੋ ਸ਼ਰਦਾਰ ਜੀ ਹਨੇਰਾ ਪਏ ਤੋਂ ਪਹਿਲਾਂ ਪਿੰਡੀ ਪਹੁੰ-ਚਣੈ।" ਇਕ ਫੌਜੀ ਦੀ ਆਵਾਜ਼ ਸੁਣਦੇ ਜਿਵੇਂ ਮੇਰੀ ਅਖ ਖੁਲ੍ਹ ਗਈ।

*